# ਬਿਪਰਨ ਦੇ ਕਾਮਾ ਸੂਤਰਾ ਨੂੰ ਗੁਰੂ ਦੀ ਬਾਣੀ ਐਲਾਨਣਾਂ, ਗੁਰੂ ਦਾ ਅਪਮਾਨ, ਨਿੰਦਾ ਅਤੇ ਗੁਰੂ ਅਤੇ ਗੁਰਮਤਿ ਸੱਚ ਨਾਲ ਧ੍ਰੋਹ ਦੀ ਸਿਖਰ

ਗੁਰੂ ਰੂਪ ਖਾਲਸਾ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਖਾਲਸਾ ਜੀ ਅਸਾਂ ਸੁਣ ਰੱਖਿਆ ਸੀ, ਅਸਾਂ ਪੜ੍ਹ ਰੱਖਿਆ ਸੀ ਕਿ ਸ੍ਰੀ ਅਕਾਲ ਤਖਤ ਸਾਹਿਬ ਤੋਂ ਦਸਮ ਗ੍ਰੰਥ ਵਾਰੇ ਕੋਈ ਹੁਕਮਨਾਮਾਂ ਜਾਰੀ ਹੋ ਚੁੱਕਾ ਹੈ ਕਿ ਦਸਮ ਗ੍ਰੰਥ ਵਿਚ ਦਰਜ ਕਿਹੜੀ ਗੁਰੂ ਦੀ ਬਾਣੀ ਅਤੇ ਕਿਹੜੀ ਨਹੀ ਦਾ ਨਿਰਣਾਂ, ਸ੍ਰੀ ਅਕਾਲ ਤਖਤ ਸਾਹਿਬ ਤੋਂ ਐਲਾਨ ਹੋਵੇਗਾ। ਉਦੋਂ ਤੱਕ ਇਸ ਵਾਰੇ ਕੋਈ ਵਿਵਾਦ ਨਾ ਛੇੜਿਆ ਜਾਵੇ। ਖਾਲਸਾ ਪੰਥ ਨੂੰ ਇਸ ਹੁਕਮਨਾਮੇ ਦਾ ਮਤਲਬ ਇਹ ਸਮਝ ਆਇਆ ਸੀ ਕਿ ਇਹ ਹੁਕਮਨਾਮਾਂ ਜਾਰੀ ਕਰਨ ਵਾਲਿਆਂ ਵੱਲੋਂ ਸਿਖ ਵਿਦਵਾਨਾਂ ਦਾ ਕੋਈ ਕਮਿਸ਼ਨ ਕਾਇਮ ਕਰ ਦਿੱਤਾ ਹੈ ਜੋ ਦਸਮ ਗ੍ਰੰਥ ਦੀ ਲਿਖਤ ਨੂੰ ਵਰੀਕੀ ਨਾਲ ਗੁਰਮਤਿ ਦੀ ਕਸਵੱਟੀ ਉਤੇ ਤੋਲਕੇ, ਇਸ ਉਤੇ ਕੀਤੀ ਖੋਜ ਵਿਚੋਂ ਉਜਾਗਰ ਹੋਏ ਤੱਤਾਂ ਨੂੰ, ਸਿਟਿਆਂ ਨੂੰ ਪੰਥ ਨਾਲ ਸਾਂਝਾ ਕਰੇਗਾ ਅਤੇ ਫਿਰ ਸਮੂਹ ਖਾਲਸਾ ਨੀਅਤ ਕਰੇਗਾ ਕਿ ਦਸਮ ਗ੍ਰੰਥ ਵਿਚ ਕਿਹੜੀ ਲਿਖਤ ਗੁਰੂ ਦੀ ਸੰਭਵ ਹੈ ਅਤੇ ਕਿਹੜੀ ਹੋ ਹੀ ਨਹੀ ਸਕਦੀ?

ਸੋ ਖਾਲਸਾ ਪੰਥ ਸਬਰ ਸੰਤੋਖ ਨਾਲ ਉਸ ਦਿਨ ਦੀ ਇੰਤਜਾਰ ਕਰ ਰਿਹਾ ਸੀ ਜਿਸ ਦਿਨ ਸ੍ਰੀ ਅਕਾਲ ਤਖਤ ਸਾਹਿਬ ਦੀ ਛਤਰਛਾਇਆ ਥੱਲੇ ਕਾਇਮ ਸਿਖ ਵਿਦਵਾਨਾਂ ਦੇ ਕਮਿਸ਼ਨ ਵੱਲੋਂ ਦਸਮ ਗ੍ਰੰਥ ਵਿਚ ਦਰਜ ਵਾਰੇ ਆਪਣਾ ਖੋਜ ਪੱਤਰ ਪੰਥ ਦੀ ਸੱਥ ਵਿਚ ਰੱਖ ਹੋਣਾਂ ਸੀ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਦੇ ਆਪਣੇ ਲਫਜ਼: "ਸ੍ਰੀ ਅਕਾਲ ਤਖਤ ਸਾਹਿਬ ਤੋਂ ਇਸ ਮਾਮਲੇ ਵਿਚ ਪਹਿਲੋਂ ਹੀ ਹੁਕਮਨਾਮਾ ਜਾਰੀ ਹੋ ਚੁਕਿਆ ਹੈ ਕਿ ਜਦ ਤੱਕ ਇਸ ਬਾਰੇ ਕੋਈ ਫੈਸਲਾ ਨਹੀਂ ਹੁੰਦਾ, ਇਸ ਸਬੰਧ ਵਿਚ ਕਿਸੇ ਵੀ ਤਰਾਂ ਦੀ ਕਿੰਤੂ ਪ੍ਰੰਤੂ ਨਾ ਕੀਤੀ ਜਾਵੇ।" ਮੁਆਫ ਕਰਨਾਂ ਜੀ, ਜੋ ਦਾਸ ਨਹੀਂ ਜਾਣਦਾ ਕਿ ਇਹ ਹੁਕਮਨਾਮਾਂ ਕਦੋਂ ਜਾਰੀ ਹੋਇਆ ਅਤੇ ਇਸ ਹੁਕਮਨਾਮੇ ਦੀ ਅਸਲ ਅਬਾਰਤ ਕੀ ਹੈ?

ਪਰ ਕਰਤਾ ਪੁਰਖ ਨੂੰ ਹੋਰ ਹੀ ਭਾਉਂਦਾ ਸੀ। ਇਕ ਜਸਵਿੰਦਰ ਸਿੰਘ ਨਾ ਦਾ ਵਿਅਕਤੀ ਆਪਣੀ ਪੁਸਤਕ 'ਦਸਮ ਗ੍ਰੰਥ ਦਾ ਲਿਖਾਰੀ ਕੌਣ' ਵਿਚ ਇਹ ਦਾਹਵਾ ਕਰਦਾ ਹੈ ਕਿ ਪੂਰਾ ਦਸਮ ਗ੍ਰੰਥ ਹੀ ਗੁਰੂ ਦੀ ਬਾਣੀ ਨਹੀ ਅਤੇ ਐਲਾਨ ਕਰਦਾ ਹੈ ਕਿ ਇਸ ਨੂੰ ਗੁਰੂ ਦੀ ਬਾਣੀ ਸਿਧ ਕਰ ਦੇਣ ਵਾਲੇ ਨੂੰ ਉਹ ਇਕ ਕਰੋੜ ਦਾ ਇਨਾਮ ਦੇਵੇਗਾ। ਪਰ ਜਦੋਂ ਇਸ ਵਿਸ਼ੇ ਉਤੇ ਸੱਦ ਭਾਵਨਾਂ ਦੇ ਮਹੌਲ ਵਿਚ ਬਹਿਸ ਲਈ ਇਸ ਵਿਅਕਤੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਿੱਖੇ ਸੱਦਿਆ ਗਿਆ ਤਾਂ ਆਉਣ ਦਾ ਪ੍ਰਣ ਦੇ ਕੇ ਨਾ ਆਉਣ ਨਾਲ, ਆਪਣੇ ਨਾਮ ਨਾਲ ਲਗਾਏ ਚੰਗੇ ਨਾਮ 'ਸਿੰਘ' ਦੀ ਹੀ ਤੌਹੀਨ ਕਰ ਗਿਆ।

ਹੁਣ ਦਸਮ ਗ੍ਰੰਥ ਵਿਚ ਦਰਜ ਉਤੇ ਚਰਚਾ ਸ਼ੁਰੂ ਹੋ ਜਾਂਦੀ ਹੈ। 'ਦਸਮ ਗ੍ਰੰਥ ਦਾ ਲਿਖਾਰੀ ਕੌਣੇ' ਦੇ ਲਿਖਾਰੀ ਜਸਵਿੰਦਰ ਸਿੰਘ ਦੇ ਵਿਚਾਰਾਂ ਦੀ ਹੀ ਪ੍ਰੋੜਤਾ ਕਰਦੇ ਹੋਏ 26 ਸਿੰਘ ਆਪਣੇ ਨਾਵਾਂ ਅਤੇ ਟੈਲੀਫੂਨਾਂ ਸਮੇਤ ਇੰਗਲੈਂਡ ਤੋਂ ਅੰਗਰੇਜੀ ਅਤੇ ਪੰਜਾਬੀ ਵਿਚ ਛਪਦੇ ਹਫਤਾਵਾਰੀ ਅਖਬਾਰ 'ਸਿਖ ਟਾਇਮਜ਼' ਵਿਚ ਜੋ ਲਿਖਦੇ ਹਨ, ਵਿਚੋਂ ਇਥੇ ਕੁਝ ਚੋਣਵੇਂ ਦਾ ਜਿਕਰ:

"ਸਿਖਾਂ ਦੇ ਮਜੂਦਾ ਸ਼ਬਦ (ਗਿਆਨ) ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਹੋਰ ਕੋਈ ਵੀ ਪੁਸਤਕ ਜੋ ਕਿ ਗੰਦ ਨਾਲ ਨੱਕੋ ਨੱਕ ਭਰੀ ਕਿਤਾਬ ਨਹੀਂ ਹੋ ਸਕਦੀ।

ਆਪਣੇ ਆਪਨੂੰ ਸਿੱਖਾਂ ਦੀਆਂ ਪ੍ਰਮੁੱਖ ਸਿਰਮੌਰ ਕਹਾਉਣ ਵਾਲੀਆਂ ਜਥੇਬੰਦੀਆਂ, ਇਸ ਦੀ ਹਮਾਇਤ ਕਿਉਂ ਕਰ ਰਹੀਆਂ ਹਨ? ਪ੍ਰਮੁੱਖ ਸਿਰਮੌਰ ਕਹਾਉਣ ਵਾਲੀਆਂ ਜਥੇਬੰਦੀਆਂ ਵਿਚ ਚਿੰਮਤ ਹੈ ਤਾਂ ਉਹ ਕਿਰਪਾ ਕਰਕੇ ਦਸਮ ਗ੍ਰੰਥ (ਅਖੌਤੀ ਨਾਮ) ਦੀ ਕਿਤਾਬ ਦੇ ਤ੍ਰਿਯ ਚਰਿਤ੍ਰ ਦੀ ਵਿਆਖਿਆ ਆਪਣੇ ਘਰ ਦੇ ਪ੍ਰਵਾਰ ਮੈਬਰਾਂ ਨੂੰ ਸਣਾਉਣ। ਉਸ ਤੋਂ ਬਾਧ ਵੀ ਕੋਈ ਸ਼ਰਮ ਬਚੇ ਤਾਂ ਸੰਗਤਾਂ ਵਿਚ ਹਾਜਰੀ ਭਰਨ।

ਇਨਾਂ ਅਖੌਤੀ ਮਹਾਂ ਪੁਰਖਾਂ ਜਥੇਦਾਰ ਧਰਮ ਦੇ ਠੇਕੇਦਾਰ, ਸੰਤਾਂ, ਬ੍ਰਹਮਗਿਆਨੀਆਂ, ਤੇ ਟਕਸਾਲੀ ਮਹਾਂਪੁਰਖਾਂ ਦੀ ਸ਼ਹਿ ਨਾਲ ਉਤਰ ਪ੍ਰਦੇਸ਼ (ਯੂ ਪੀ) ਦੀਆਂ ਯੂਨੀਵਰਸਟੀਆਂ ਵਿਚ ਇਸ (ਦਸਮ ਗ੍ਰੰਥ) ਨੂੰ ਸਿਖਾਂ ਦੇ ਧਰਮ ਗ੍ਰੰਥ ਦੇ ਵਿਸ਼ੇ ਵਜੋਂ ਪੜਾਉਣਾਂ ਸ਼ੁਰੂ ਕਰ ਦਿੱਤਾ ਗਿਆ ਹੈ।"

ਇਸੇ ਹੀ ਅਖਬਾਰ ਵਿਚ ਇਕ ਦਸਮ ਗ੍ਰੰਥ ਪੂਰੇ ਨੂੰ ਹੀ ਗੁਰੂ ਦੀ ਬਾਣੀ ਸਿਧ ਕਰਦਾ ਹੋਇਆ ਜਿਥੇ ਜਸਵਿੰਦਰ ਸਿੰਘ ਤੋਂ ਸ਼ਰਤ ਜਿਤ ਜਾਣ ਕਰਕੇ ਇਕ ਕਰੋੜ ਦੀ ਮੰਗ ਕਰਦਾ ਹੈ ਉਥੇ ਨਾਲ ਹੀ ਐਲਾਨ ਕਰਦਾ ਹੈ ਕਿ ਜੇ ਜਸਵਿੰਦਰ ਸਿੰਘ ਦਸਮ ਗ੍ਰੰਥ ਵਿਚੋਂ ਕੁਝ ਇਕ ਵੀ ਗੁਰੂ ਦੀ ਬਾਣੀ ਨਾ ਹੋਣਾਂ ਸਾਬਤ ਕਰ ਜਾਂਦਾ ਤਾਂ ਇਕ ਕਰੋੜ ਦਾ ਕੀ ਹੈ, ਉਹ ਪੰਜਾਹ ਕਰੋੜ ਆਪਣੇ ਕੋਲੋਂ ਇਨਾਮ ਵਜੋਂ ਦੇਂਦਾ। ਇਸ ਲੇਖਕ ਦੇ ਸ਼ਬਦ: "ਜਿਵੇਂ ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਨੂੰ

ਖੁਦ ਲਿਖਵਾਇਆ ਸੀ। ਫਿਰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਚਾੜਨ ਵੇਲੇ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਖੁਦ ਬੈਠਕੇ ਲਿਖਵਾਇਆ ਸੀ। ਬਾਅਦ ਵਿਚ ਗੁਰੂ ਗੋਬਿੰਦ ਸਿੰਘ ਨੇ ਆਪ ਗੁਰ ਗੱਦੀ ਵੀ ਦਿੱਤੀ ਸੀ। ਇਸ ਦੇ ਬਾਵਯੂਦ ਕੁਝ ਸਿੱਖਾਂ ਨੂੰ ਭਗਤਾਂ ਅਤੇ ਭੱਟਾਂ ਦੀ ਬਾਣੀ ਨਹੀਂ ਪਚਦੀ। ਜਦ ਕਿ ਕੂਕਿਆਂ ਨੇ ਤਾਂ ਇਸ ਨੂੰ ਕਦੇ ਇਕ ਸਧਾਰਣ ਕਿਤਾਬ ਤੋਂ ਵੱਧ ਸਮਝਿਆ ਹੀ ਨਹੀਂ। ਇਸੇ ਤਰਾਂ ਕੁਝ ਅਖੌਤੀ ਸਿੱਖ ਸ੍ਰੀ ਦਸਮ ਗ੍ਰੰਥ ਦੇ ਪਿਛੇ ਵੀ ਹੱਥ ਧੋਕੇ ਪਏ ਹੋਏ ਹਨ। ਇਸ ਗ੍ਰੰਥ ਨੂੰ ਲਿਖਣ ਲਈ ਗੁਰੂ ਸਾਹਿਬ ਕੋਲ ਸਮਾਂ ਨਾ ਹੋਣ ਕਰਕੇ ਉਹ ਖੁਦ ਤਾਂ ਲਿਖ ਨਾ ਸਕੇ, ਪਰ ਇਤਿਹਾਸ ਅਨੁਸਾਰ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਗੁਰੂ ਸਾਹਿਬ ਦੀ ਅਮੋਲਕ ਬਾਣੀ ਇਕੱਤਰ ਕਰਕੇ ਇਕ ਥਾਂ ਲਿਖਣ ਦਾ ਹੁਕਮ ਕੀਤਾ।"

ਲੇਖਕ ਕੂਕਿਆਂ ਅਤੇ ਗੁਰੂ ਦੇ ਨਾਮ ਨਾਲ ਬਾਣੀ ਐਲਾਨਕੇ ਮੜ੍ਹੇ ਜਾ ਰਹੇ ਅਸ਼ਲੀਲ ਨੂੰ ਨਾ ਸੱਚ ਮੰਨਣ ਵਾਲਿਆਂ ਨੂੰ ਇਕ ਬਰਾਬਰ ਖੜ੍ਹਾ ਕਰਦਾ ਹੈ ਜੋ ਲੇਖਿਕ ਦੇ ਨਾ ਨਿਆਂਕਾਰੀ, ਨਾ ਸਿਆਣਾਂ ਅਤੇ ਨਾ ਨਰਪੱਖ ਹੋਣ ਦੀ ਹਾਮੀ ਭਰਦਾ ਹੈ। (ਬਾਕੀ ਵਾਰੇ ਵਿਚਾਰ ਇਕੱਠਾ ਇਕੋਵਾਰੀ)

ਅੱਗੇ ਇਹ ਲੇਖਿਕ ਪੁਰਾਤਨ ਸਿੰਘਾਂ ਸਮੇਤ ਬਾਬਾ ਦੀਪ ਸਿੰਘ ਜੀ, ਰਤਨ ਸਿੰਘ ਜੱਗੀ ਅਤੇ ਸੰਤ ਸਿੰਘ ਮਸਕੀਨ ਦੇ ਨਾਮ ਪੂਰੇ ਦਸਮ ਗ੍ਰੰਥ ਨੂੰ ਦਸਮੇਸ਼ ਪਿਤਾ ਦੀ ਬਾਣੀ ਐਲਾਨਣ ਵਾਲਿਆਂ ਵਿਚ ਗਿਣਦਾ ਹੈ। ਇਕ ਹੋਰ ਅਨਹੋਣੀ ਕਿ ਇਹ ਲੇਖਿਕ ਕਰਤਾਪੁਰਖ ਵਲੋਂ ਆਪਣੀ ਸਾਜੀ ਸ੍ਰਿਸ਼ਟੀ ਵਿਚ, ਕੁਝ ਇਕ ਜੂਨਾਂ ਨੂੰ ਛੱਡਕੇ, ਜਿਨਾਂ ਵਿਚ ਨਰ ਤੋਂ ਬਿਨਾਂ ਹੀ ਸੰਤਾਨ ਪੈਦਾ ਹੋ ਰਹੀ ਹੈ, ਬਾਕੀ ਉਤਮ ਜੂਨ ਇਨਸਾਨ ਸਮੇਤ, ਮਨ ਤੇ ਮਮਤਾ ਦਾ ਹੁਕਮ ਦਾਗਕੇ ਮਾਦਾ ਅਤੇ ਇਸ ਮਮਤਾ ਹੁਕਮ ਦੀ ਪੂਰਤੀ ਲਈ ਪਿਤਾ, ਉਤਪਤੀ ਦੇ ਕੀਤੇ ਅਧਾਰ ਨਿਯਮ ਨੂੰ ਅਸ਼ਲੀਲਤਾ ਦਾ ਨਾਮ ਦੇਂਦਾ ਹੈ ਜਿਸ ਨਿਯਮ ਨੂੰ ਇਨਸਾਨੀ ਜਾਮੇ ਵਿਚ ਗੁਰਮਤਿ ਗ੍ਰਹਿਸਤ ਜੀਵਨ ਦਾ ਨਾਮ ਦੇਂਦੀ ਹੈ। ਦਸਮ ਗ੍ਰੰਥ ਵਿਚ ਦਰਜ ਅਤਿ ਅਸ਼ਲੀਲਤਾ ਨੂੰ ਗੁਰੂ ਵਲੋਂ ਦਿੱਤੀ ਸਿਕਸ ਦੀ ਸਿਖਿਆ ਐਲਾਨਦਾ ਹੈ, ਨਾਲ ਸਿਕਸ ਅਤੇ ਡਾਕਟਰੀ ਲਈ ਇਨਸਾਨੀ ਜਿਸਮ ਦੀ ਸਿਖਿਆ ਨੂੰ ਰਲਗੱਡ ਕਰਕੇ ਅਸ਼ਲੀਲਤਾ ਦੀ ਵਿਆਖਿਆ ਕਰਦਾ ਹੈ। ਇਸ ਦੇ ਸ਼ਬਦ: "ਐਸੇ ਸਰਬਕਲਾ ਸਮਰੱਥ ਗੁਰੂ ਨੇ ਖਾਲਸੇ ਨੂੰ ਵੀ ਸਾਰੀਆਂ ਕਲਾਂ ਵਿਚ ਸੰਪੂਰਨ ਅਤੇ ਗਿਆਨ ਬਖਸ਼ਦਿਆਂ ਬਾਣੀ ਰਚਕੇ ਹਰ ਪਹਿਲੂ ਤੋਂ ਭਾਵ ਅਧਿਆਤਮਕ, ਦੁਨਿਆਵੀ, ਕੁਝ ਇਤਿਹਾਸਕ ਧਰਮਯੁਧ, ਹਾਸ ਰਸ, ਚਰਿਤਰ, ਚਲਿਤਰ, ਨਾਟਕ, ਪੁਰਾਣਕ ਕਹਾਣੀਆਂ, ਅਤੇ ਮਨੁੱਖ ਦੇ ਪੰਜ ਵੈਰੀ ਕਾਮ ਕ੍ਰੋਧ ਲੋਭ ਮੋਹ ਹੰਕਾਰ ਸਮੇਤ ਖੁਲਕੇ ਵਿਆਖਿਆ ਕੀਤੀ। ਜੋ ਕਿਸੇ ਵੀ ਤਰਾਂ ਗਲਤ ਨਹੀਂ।"

ਲੇਖਿਕ ਅੱਗੇ ਚਲ ਇਸ ਗ੍ਰੰਥ ਵਿਚ ਦਰਜ ਉਤੇ ਕਿਸੇ ਤਰਾਂ ਦੀ ਕਿੰਤੂ ਪ੍ਰੰਤੂ ਨਾ ਕਰਨ ਦੀ ਬਕਾਲਤ ਕਰਦਾ ਹੈ। ਅੰਤ ਉਤੇ ਇਸ ਦੇ ਲਫਜ਼: "ਇਨਾਮ ਐਲਾਨ ਕਰਨਾਂ ਤਾਂ ਸੁਖਾਲਾ ਹੀ ਹੈ। ਮੈਂ ਵੀ ਕਰ ਸਕਦਾ ਹਾਂ, ਕਿ ਅਗਰ ਇਹ ਭੱਦਰਪੁਰਸ਼ 20 ਅਗਸਤ ਨੂੰ ਇਕ ਕੋਰੜ ਰੁਪਏ ਲੈ ਕੇ ਪਹੁੰਚ ਜਾਂਦਾ ਅਤੇ ਜਿੱਤਕੇ ਮੁੜਦਾ ਤਾਂ ਮੈਂ ਪੰਜਾਹ ਕਰੋੜ ਰੁਪਏ ਹੋਰ ਇਨਾਮ ਦੇ ਦਿੰਦਾ। ਪਰ ਇਹ ਲੋਕ ਤਾਂ ਨਾ ਸੰਤ ਹਨ ਅਤੇ ਨਾ ਹੀ ਸਿਪਾਹੀ। ਵੈਸੇ ਵੀ ਦਸ਼ਮੇਸ਼ ਪਿਤਾ ਨਾਲੋਂ ਟੁਟਿਆਂ ਹੋਇਆਂ ਵਿਚ ਹੌਸਲਾ ਅਤੇ ਕੁਰਬਾਨੀ ਦਾ ਜਜ਼ਬਾ ਕਿਵੇਂ ਆ ਸਕਦਾ ਹੈ?"

ਇਸੇ ਦਰਮਿਆਨ ਦਮਦਮੀ ਟਕਸਾਲ ਵਲੋਂ ਸਿਖ ਪੰਥ ਵਿਚ ਆ ਰਹੇ ਨਿਘਾਰ ਅਤੇ ਦਰਪੇਸ਼ ਚਣੌਤੀਆਂ ਦੇ ਟਾਕਰੇ ਲਈ ਅਤੇ ਅਜੋਕੇ ਸਮੇਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੇ ਹੋ ਰਹੇ ਕਿੰਤੂ-ਪੰਤੂ ਨੂੰ ਰੋਕਣ ਲਈ 26 ਫਰਵਰੀ 2006 ਨੂੰ ਫਤਹਿ ਗੜ੍ਹ ਵਿਖੇ ਵਿਸ਼ਵ ਸਿਖ ਸਮੇਲਨ ਸੱਦਿਆ ਗਿਆ। ਇਸ ਵਸ਼ੇਸ਼ ਦਿਨ ਲਈ ਇਕ ਖੁਲ੍ਹਾ ਖਤ ਦਾਸ ਵੱਲੋਂ ਦਮਦਮੀ ਟਕਸਾਲ ਨੂੰ ਲਿਖਿਆ ਗਿਆ ਜਿਸ ਵਿਚ ਨਵੀਂ ਸ਼ੁਰੂਆਤ ਲਈ ਸਭ ਤੋਂ ਪਹਿਲੇ ਆਪਣੇ ਗਿਰਵਾਨ ਵਿਚ ਝਾਤੀ ਮਾਰਕੇ, ਉਹ ਸਭ ਵਿਹੜੇ ਚੋਂ ਹੂੰਜ ਦੇਣ ਦੀ ਬੇਨਤੀ ਕੀਤੀ ਗਈ ਜਿਸ ਤੋਂ ਮਾੜੀ ਮੋਟੀ ਵੀ ਬਿਪਰਨ ਰੀਤ ਦੀ ਭਾਸ ਆ ਰਹੀ ਹੋਵੇ। ਸ਼ੁਰੂਆਤ ਕਰਨ ਲਈ ਬਿਪਰਨ ਵਲੋਂ ਗੁਰੂਆਂ ਨਾਲ ਇਕ ਤੋਂ ਵੱਧ ਵਿਆਹਾਂ ਦੀਆਂ ਪ੍ਰਚੱਲਤ ਕਰਵਾਈਆਂ ਕਹਾਣੀਆਂ ਨੂੰ ਰੱਦ ਕਰਕੇ ਨਵੇਂ ਸੱਚੇ ਗੁਰੂ ਅਤੇ ਸਿਖ ਇਤਿਹਾਸ ਦੀ ਸਿਰਜਣਾਂ ਕਰਨ ਦੀ ਪੁਰਜੋਰ ਬੇਨਤੀ ਕੀਤੀ ਗਈ। ਇਹ ਖੋਜ ਪੱਤਰ ਗੁਰੂਆਂ ਦੀ ਧਰਤ ਛਪਦੇ 'ਦੇਸ ਪੰਜਾਬ' ਵਿਚ ਇਕੋਵਾਰੀ ਅੰਕ ਅਪ੍ਰੈਲ 2006 ਅਤੇ 'ਸਿਖ ਟਾਇਮਜ਼' ਇੰਗਲੈਂਡ ਵਿਚ ਸੱਤ ਅਪ੍ਰੈਲ 2006 ਤੋਂ ਛੇ ਅੰਕਾਂ ਵਿਚ ਲੜੀ ਵਾਰ ਛੱਪ ਜਾਣ ਮਗਰੋਂ, ਉਸੇ ਪੰਜਾਹ ਕਰੋੜੀ ਇਨਾਮ ਐਲਾਨੀ ਵਿਦਵਾਨ ਦੀ ਹੋਰ ਤੋਂ ਸਿਵਾ ਦਾਸ ਦੀ ਲਿਖਤ ਵਿਚ ਦਸਮ ਗ੍ਰੰਥ ਵਾਰੇ ਦਰਜ ਉਤੇ ਕੀਤੀ ਗੁਪਤ ਟਿਪਣੀ ਵੀ 'ਸਿਖ ਟਾਇਮਜ਼' 14 ਦਸੰਬਰ 2006 ਅੰਕ ਵਿਚ ਇਸ ਸਰਲੇਖ ਹੇਠ ਛਪੀ ਇਕ ਲਿਖਤ ਵਿਚ ਮਿਲਦੀ ਹੈ: 'ਜਦੋਂ ਕਦੇ ਸਿਖ ਅਤੇ ਅਕਲ, ਇਹ ਦੋ ਤਲਵਾਰਾਂ ਇਕੱਠੀਆਂ ਹੋ ਗਈਆਂ ਤਾਂ ਮਹਾਨ ਕਰਾਮਾਤ ਹੋਵੇਗੀ'

ਇਸ ਲਿਖਤ ਵਿਚ ਲਿਖਾਰੀ ਦਾ ਕੁਝ ਚੋਣਵਾਂ ਹੂਬਹੂ: "ਸਿਖ ਧਰਮ ਵਿਚ ਪੂਰਨ ਸਚਾਈ ਹੋਣ ਦੇ ਬਾਵਜੂਦ ਭਾਵੇ ਹਾਲੇ ਵੀ ਛੋਟਾ ਹੀ ਹੈ, ਪਰ ਹੈ ਸਭ ਧਰਮਾਂ ਤੋਂ ਸਿਰਮੋਲ। ਇਹ ਗੱਲ ਦੁਨੀਆਂ ਦੇ ਵਿਗਿਆਨੀ ਅਤੇ ਵਿਦਵਾਨ ਵੀ ਮੰਨ ਚੁੱਕੇ ਹਨ।"

ਪਰ ਵੇਖੋ ਲਿਖਾਰੀ ਆਪੇ ਹੀ ਇਸੇ ਸਚਾਈ ਨੂੰ ਅੱਗੇ ਚੱਲਕੇ ਝੁਠਲਾ ਵੀ ਰਿਹਾ ਹੈ ਇਨਾਂ ਸ਼ਬਦਾਂ ਨਾਲ: "ਕਿਉਕਿ ਦਸਮ ਗ੍ਰੰਥ ਦੀ ਸਾਰੀ ਬਾਣੀ ਦਸਮੇਸ਼ ਪਿਤਾ ਦੀ ਰਚਨਾਂ ਹੋਣ ਕਰਕੇ  ਸਾਰਾ ਜੋਰ ਲਾਉਣ ਨਾਲ ਵੀ ਕਿਸੇ ਖਾਸ ਕਵੀ ਦੀ ਰਚਨਾਂ ਸਿਧ ਨਹੀਂ ਹੋ ਰਹੀ। ਇਹ ਵੱਖਰੀ ਗੱਲ ਹੈ ਕਿ ਇਸ ਦੇ ਵਿਸ਼ੇ ਅਨੇਕ ਹੋਣ ਕਰਕੇ ਕੁਝ ਵਿਸ਼ੇ ਗੁਰੂ ਗ੍ਰੰਥ ਸਾਹਿਬ ਨਾਲ ਮੇਲ ਖਾਂਦੇ ਹਨ ਕੁਝ ਨਹੀ। ਜਿਨਾਂ ਨੂੰ ਸਿਧਾਂਤਾਂ ਦੇ ਉਲਟ ਸਮਝਿਆ ਜਾਂਦਾ ਹੈ, ਉਹ ਉਲਟ ਨਹੀ ਬਲਕਿ ਜਾਣਕਾਰੀ ਲਈ ਹੀ ਹਨ।"

ਇਸ ਤੋਂ ਅੱਗੇ ਇਹ ਲੇਖਕ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਹਰਿ ਗੋਬਿੰਦ ਸਾਹਿਬ ਜੀ , ਗੁਰੂ ਗੋਬਿੰਦ ਸਿੰਘ ਜੀ ਦੇ ਇਕ ਸੰਤ ਅਤੇ ਸਿਪਾਹੀ ਸਿਧਾਂਤ ਨੂੰ ਦੋ ਵਿਰੋਧੀ ਸਚਾਈਆਂ ਦੇ ਰੂਪ ਵਿਚ ਪੇਸ਼ ਕਰਨ ਦੀ ਹਰ ਵਾਹ ਲਾਉਂਦਾ ਹੈ ਅਤੇ ਇਥੇ ਪੂਰਨ ਸੱਚ ਦੇ ਹੋਣ ਦੀ ਪ੍ਰਪੱਕ ਧਾਰਨਾਂ ਦਾ ਇਕ ਵਾਰ ਫਿਰ ਖੰਡਨ ਕਰਦਾ ਹੈ ਜਿਸ ਸੱਚ ਦੀ ਪ੍ਰੋੜਤਾ ਇਹ ਆਪਣੀ ਲਿਖਤ ਦੀ ਸ਼ੁਰਆਤ ਵਿਚ ਆਪ ਹੀ ਕਰ ਚੁੱਕਾ  ਹੈ।

ਅੱਗੇ ਹੂਬਹੂ: "ਹੁਣ ਸ਼ਾਇਦ ਇਹ ਆਖਰੀ ਹੱਥ ਕੰਡਾ ਹੈ ਤੇ ਪੂਰਾ ਜੋਰ ਲੱਗਾ ਹੋਇਆ ਹੈ ਕਿ ਹੋਰ ਕੁਝ ਵੀ ਕਰਨ ਤੋਂ ਪਹਿਲਾਂ ਮੀਰੀ ਪੀਰੀ ਦੇ ਸਿਧਾਂਤ ਵਾਲੇ ਸ੍ਰੀ ਦਸਮ ਗ੍ਰੰਥ ਨਾਲੋਂ ਸਿਖਾਂ ਨੂੰ ਤੋੜਨਾ ਅਤੀ ਜਰੂਰੀ ਹੈ। ਕਿਉਂਕਿ ਨਾ ਰਹੇਗਾ ਬਾਸ ਨਾ ਬਜੇਗੀ ਬਾਂਸਰੀ,"

"ਜਿਥੇ ਸਿਖਾਂ ਵਿਚ ਗੁਣਾਂ ਦੀ ਘਾਟ ਨਹੀ ਉਥੇ ਕੁਦਰਤ ਵਲੋਂ ਹੀ ਇਹ ਕਰੋਪੀ ਵੀ ਹੈ ਕਿ ਸਿਖ ਅਤੇ ਅਕਲ ਇਹ ਦੋ ਤਲਵਾਰਾਂ ਇਕ ਮਿਆਨ ਵਿਚ ਪੈਣੀਆਂ ਬਹੁਤ ਮੁਸਕਿਲ ਹਨ ਜਿਵੇਂ ਅੱਜ ਦੇ ਨਾਜਕ ਸਮੇਂ ਵਿਚ 'ਫਤਿਹ ਦਿਵਸ' ਮਨਾਉਣਾ ਮੂਰਖਾਂ ਦਾ ਕੰਮ ਸੀ। ਭਾਵੇਂ ਫਤਿਹ ਤੋਂ ਭਾਵ ਜਫਰਨਾਮਾਂ ਦਿਵਸ ਸੀ। ਸੋ ਇਸ ਇਤਿਹਾਸਕ ਫਤਿਹ ਦੀ ਚਿਠੀ ਦਾ 300 ਸਾਲਾ ਦਿਨ ਮਨਾਉਨਾਂ ਕੋਈ ਪਾਪ ਨਹੀ, ਸਗੋਂ ਸਭ ਨੂੰ ਮਨਾਉਣਾਂ ਚਾਹੀਦਾ ਸੀ। ਪਰ ਜਿਵੇਂ ਦਸਮ ਗ੍ਰੰਥ ਦਾ ਜਾਣ ਬੁਝਕੇ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪ੍ਰਕਾਸ਼ ਕਰਕੇ ਅਖੰਡ ਪਾਠ ਕਰਨਾਂ, ਆ ਬੈਲ ਮੁਝੇ ਮਾਰ ਵਾਲੀ ਗੱਲ ਸੀ।"

ਲਿਖਤ ਦੇ ਅੰਤ ਵਿਚ: "ਫਿਰ ਗੁਰੂ ਗੋਬਿੰਦ ਸਿੰਘ ਨੇ ਇਹ ਚਲਿਤਰ ਠਰਕ ਭੋਰਨ, ਆਪਣੀ ਆਇਸ਼ੀ ਜਾਂ ਰੰਗਰਲੀਆਂ ਮਨਾਉਦਿਆਂ ਨਹੀਂ ਲਿਖੇ ਸਨ ਸਗੋਂ ਜੰਗਾਂ ਯੁਧਾਂ ਵਿਚੋਂ ਕੀਮਤੀ ਸਮਾਂ ਕੱਢ ਕੇ ਆਪਣੇ ਖਾਲਸੇ ਨੂੰ ਹਰ ਪੱਖ ਤੋਂ ਸੁਚੇਤ ਕਰਨ ਲਈ ਬਹੁਤ ਔਖੇ ਹੋਕੇ ਰਚਨਾਂ ਕੀਤੀ ਸੀ।"

"ਹੁਣ ਵੀ ਨਿਹੰਗ ਦਾ ਤਾਂ ਭਲਾ ਦਸਮ ਗ੍ਰੰਥ ਜਿੰਦ ਜਾਨ ਹੈ ਹੀ ਪਰ ਨਿਰਮਲੇ ਜਹੇ ਸਾਧ ਵੀ ਜੇ ਦਸਮ ਗ੍ਰੰਥ ਲਈ ਡੱਟ ਜਾਂਦੇ ਹਨ, ਜਿਨਾਂ ਦਾ ਨਿਹੰਗਾਂ ਨਾਲ, ਅਕਾਲ ਤਖਤ ਸਾਹਿਬ ਨਾਲ ਅਤੇ ਗੁਰੂ ਦੇ ਮੀਰੀ ਵਾਲੇ ਪੱਖ ਨਾਲ ਦੂਰ ਦਾ ਵੀ ਸਬੰਧ ਨਹੀ ਤਾਂ ਇਹ ਵੀ ਕਰਾਮਾਤ ਹੀ ਮੰਨਣੀਂ ਚਾਹੀਦੀ ਹੈ।"

ਦਾਸ ਦੇ ਖੋਜ ਪੱਤਰ ਨੂੰ ਪੜ੍ਹਿਆ ਹੋਣ ਕਰਕੇ ਇਕ ਸਿਖ ਵੀਰ ਜਰਮਨੀ ਤੋਂ ਹੀ ਇਕ ਖਤ ਭੇਜਦਾ ਹੈ ਜਿਸ ਵਿਚ ਪੰਜਾਬ ਤੋਂ ਛਪਦੇ ਰੋਜਾਨਾਂ ਸਪੋਕਸਮੈਨ 11 ਨਵੰਬਰ 2006 ਵਿਚ ਛਪੇ, ਤੱਤ ਗੁਰਮਤਿ ਟਕਸਾਲ ਦੇ ਇਸ਼ਤਿਹਾਰ ਦੀ ਕਾਪੀ ਸੀ ਜਿਸ ਦਾ ਸਰਲੇਖ ਹੈ: ਕੀ ਇਹ ਹੀ ਸੀ ਉਹ ਬਾਣੀ ਜੋ ਗੁਰੂ ਗੋਬਿੰਦ ਸਿੰਘ ਜੀ ਨੇ ਰਚੀ? ਇਹ ਹੀ ਇਸ਼ਤਿਹਾਰ ਮਗਰੋਂ 'ਦੇਸ ਪੰਜਾਬ' ਜਨਵਰੀ 2007 ਅੰਕ ਵਿਚ ਲੱਗਾ ਵੀ ਪੜ੍ਹਨ ਨੂੰ ਮਿਲਦਾ ਹੈ ਅਤੇ ਇਥੇ ਦੋ ਹੋਰ ਪੰਨਿਆਂ 119 ਅਤੇ 1215 ਤੇ ਦਰਜ ਅਸ਼ਲੀਲ ਵੀ ਸ਼ਾਮਲ ਹੈ ਪਰ ਸਫਾ 838 ਦਾ ਜਿਕਰ ਅਤੇ ਸਾਰਿਆਂ ਦੇ ਅਰਥ ਅਸ਼ਲੀਲ ਹੋਣ ਕਰਕੇ ਛੱਡੇ ਹੋਏ ਨੇ। ਇਸ ਖਤ ਵਿਚ ਦੂਜੀ ਰੋਜਾਨਾਂ ਸਪੋਕਸਮੈਨ 24 ਨਵੰਬਰ 2006 ਦੇ ਸੰਪਾਦਕੀ ਨੋਟ ਦੀ ਕਾਪੀ ਸੀ ਜਿਸ ਦਾ ਸਰਲੇਖ ਹੈ 'ਤ੍ਰੀਆ ਚਰਿਤਰ- ਅਖੌਤੀ ਦਸਮ ਗ੍ਰੰਥ ਦਾ ਇਕੋ ਖਰਾਬ ਹਿੱਸਾ ਨਹੀ, ਸਾਰੀ ਦੀ ਸਾਰੀ ਪੁਸਤਕ ਹੀ ਵਾਮ-ਮਾਰਗੀਆਂ ਤੇ ਨਾਨਕ ਦੇ ਫ਼ਲਸਫੇ ਦੇ ਵਿਰੋਧੀਆਂ ਦੀ ਲਿਖੀ ਹੋਈ ਹੈ'। ਇਸ ਕਾਪੀ ਉਤੇ ਭੇਜਣ ਵਾਲੇ ਵੀਰ ਨੇ ਇਹ ਸ਼ਬਦ ਲਿਖੇ ਹੋਏ ਹਨ: "ਪਲੀਜ਼ ਵੀਰ ਜੀਓ ਇਸ ਨੂੰ ਜਰੂਰ ਧਿਆਨ ਨਾਲ ਪੜਨਾਂ ਜੀ। ਤੁਹਾਡੀ ਡਬੇਟ ਵਿਚ ਸੀ ਕਿ ਇਸ ਗ੍ਰੰਥ ਨੂੰ ਅਖੌਤੀ ਕਿਉਂ ਕਹਿੰਦੇ ਹਨ ਜੋ ਹੈ ਹੀ ਸੌ % ਅਖੌਤੀ ਕੂੜ"

ਖਾਲਸਾ ਜੀ ਦਾਸ ਦੀ ਲਿਖਤ ਵਿਚ ਦਸਮ ਗ੍ਰੰਥ ਵਾਰੇ ਅਸਲ ਸ਼ਬਦ ਜਿੰਨਾਂ ਤੋਂ ਪੰਜਾਹ ਕਰੋੜ ਇਨਾਮ ਐਲਾਨੀ ਲੇਖਕ ਨੂੰ ਨਿਰਮਲੇ ਜਹੇ ਸਾਧ ਦਾ ਪੂਰੇ ਦਸਮ ਗ੍ਰੰਥ ਲਈ ਡੱਟ ਜਾਣਾਂ ਭਾਸਿਆ ਹੋ ਸਕਦਾ ਹੈ ਅਤੇ ਜਰਮਨੀ ਵਸਦੇ ਵੀਰ ਨੂੰ ਪੂਰੇ ਦਸਮ ਗ੍ਰੰਥ ਨੂੰ ਗੁਰੂ ਦੀ ਬਾਣੀ ਆਖਣ ਅਤੇ ਪ੍ਰਚਾਰਣ ਵਾਲਾ ਜਾਪਿਆ ਲੱਗ ਸਕਦਾ ਹੈ ਉਹ ਹੂਬਹੂ ਇਹ ਹਨ:

"**ਅੰਤ ਉਤੇ:** ਦਸ਼ਮੇਸ਼ ਪਿਤਾ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣੇ ਪਵਿਤਰ ਹੱਥੀਂ ਮੁਕੰਮਲ ਕਰਵਾਇਆ ਅਤੇ ਇਸ ਵਿਚ ਆਪਣੀ ਬਾਣੀ ਵੀ ਸ਼ਾਮਿਲ ਨਹੀਂ ਕੀਤੀ ਅਤੇ ਖਾਲਸਾ ਪੰਥ ਨੂੰ ਬੜੀ ਉਚੀ ਹੁਕਮ ਹਦਾਇਤ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾਂ ਗੁਰੂ ਮੰਨਣਾਂ ਹੈ। ਭਾਵੇ ਦਸ਼ਮੇਸ਼ ਪਿਤਾ ਵਲੋਂ ਰਚਤ ਹੋਇਆ ਵੀ ਗੁਰਬਾਣੀ ਹੈ ਪਰ ਫਿਰ ਵੀ ਇਸ ਦਾ ਪ੍ਰਕਾਸ਼ ਕਿਤੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਕਰਨਾਂ, ਦਾਸ ਦੀ ਜਾਚੇ ਦਸ਼ਮੇਸ਼ ਪਿਤਾ ਜੀ ਦੇ ਹੁਕਮ ਹਦਾਇਤ ਦੀ ਅਵੱਗਿਆ ਕਰਨਾਂ ਹੈ।"

ਖਾਲਸਾ ਜੀ ਦਾਸ ਦੇ ਇਨਾਂ ਸ਼ਬਦਾਂ ਵਿਚ 'ਭਾਵੇ ਦਸ਼ਮੇਸ਼ ਪਿਤਾ ਵਲੋਂ ਰਚਤ ਹੋਇਆ ਵੀ ਗੁਰਬਾਣੀ ਹੈ' ਲਿਖ ਹੋਣਾਂ ਇਕ ਤੇ ਅਕਾਲ ਤਖਤ ਤੋਂ ਜਾਰੀ ਹੁਕਮਨਾਮੇ ਦੀ ਅਵੱਗਿਆ ਤੋਂ ਬਚਣਾਂ ਸੀ ਅਤੇ ਦੂਜਾ ਭਵਿਖ ਵਿਚ ਖਾਲਸਾ ਪੰਥ ਵਲੋਂ ਮਿਲਕੇ ਦਸਮ ਗ੍ਰੰਥ ਵਿਚੋਂ ਮੁਕਰਰ ਕੀਤੀ ਜਾਣ ਵਾਲੀ ਦਸ਼ਮੇਸ਼ ਪਿਤਾ ਦੀ ਬਾਣੀ ਨੂੰ ਹੀ ਬਾਣੀ ਮੰਨਣ ਦਾ ਗੁਪਤੀ ਸੰਕੇਤ ਵੀ ਸੀ।

ਖਾਲਸਾ ਜੀ ਵੇਖੋ ਕਰਤਾ ਪੁਰਖ ਦੀ ਆਪਣੇ ਲਈ ਬਖਸ਼ਿਸ਼ ਕਿ ਗੁਰੂ ਮਹਾਰਾਜ ਵਲੋਂ ਕਿਸੇ ਤਰਾਂ ਦਾ ਭੁਲੇਖਾ ਹੀ ਨਾ ਰਹਿਣ ਦੇਣਾਂ ਕਿ ਸਾਡੇ ਸਰਬ ਉਤਮ ਗੁਰਧਾਮਾਂ ਤੇ ਕਾਬਜਾ ਕਰਕੇ ਫਰਮਾਨ ਜਾਰੀ ਕਰਨ ਵਾਲੇ ਤਾਂ ਜਿਥੇ ਗੁਰੂ ਦੇ ਹੁਕਮਾਂ ਉਪਦੇਸ਼ਾਂ ਨੂੰ ਨਹੀਂ ਮੰਨਦੇ ਉਥੇ ਇਹ ਤਾਂ ਜਾਰੀ ਕੀਤੇ ਆਪਣੇ ਹੀ ਫਰਮਾਨਾਂ ਨੂੰ ਵੀ ਨਹੀਂ ਮੰਨਦੇ। ਇਨਾਂ ਵੱਲੋਂ ਹੁਕਮਨਾਮਾਂ ਜਾਰੀ ਸੀ ਕਿ ਦਸਮ ਗ੍ਰੰਥ ਉਤੇ ਆਖਰੀ ਫੈਸਲੇ ਤੱਕ ਕੋਈ ਵਿਵਾਦ ਨਾ ਛੇੜਨਾਂ। ਪਰ ਇਨਾਂ ਵੱਲੋਂ ਗੁਰਸਿਖ ਵਿਦਵਾਨਾਂ ਦਾ ਬਿਨਾਂ ਕੋਈ ਖੋਜ ਕਮਿਸ਼ਨ ਕਾਇਮ ਕੀਤਿਆਂ, ਬਿਨਾਂ ਕਿਸੇ ਉਤਮ ਗੁਰਮਤਿ ਦਲੀਲ ਦਿੱਤਿਆਂ, ਫਤਿਹ ਦਿਵਸ ਦੀ ਆੜ ਵਿਚ, ਸ਼ੈਤਾਨ ਮੂਰਤ ਬਿਪਰਣ ਵਲੋਂ, ਦਸਮ ਗ੍ਰੰਥ ਵਿਚ ਦਰਜ ਕਰਵਾ ਦਿੱਤਿਓ ਆਪਣੇ ਅੱਤ ਅਸ਼ਲੀਲ ਕਾਮਾਂ ਸੂਤਰਾ ਨੂੰ, ਸਾਡੇ ਸਤਿਗੁਰੂ ਦੇ ਦਸਵੇਂ ਸਰੂਪ ਅਕਾਲ ਪੁਰਖ ਦੇ ਅਦੁਤੀ, ਲਾਸਾਨੀ ਅਤੇ ਆਉਂਦੇ ਕਲ ਨੂੰ ਵੀ ਜਾਨਣ ਅਤੇ ਕਲਮਬੰਦ ਕਰ ਜਾਣ ਵਾਲੇ ਜਰਨੈਲ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਐਲਾਨਕੇ, ਬਿਪਰਣ ਦੇ ਅੱਤ ਅਸ਼ਲੀਲ ਸਮੇਤ ਦਸਮ ਗ੍ਰੰਥ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਬੈਠਾ, ਇਸ ਦੇ ਅਖੰਡਪਾਠਾਂ ਦੀ ਗੁਰਮਤਿ ਹੀਣੀਂ ਪਿਰਤ ਨੂੰ ਖਾਲਸਾ ਪੰਥ ਤੇ ਲਾਗੂ ਕਰਵਾ ਦਿਤਾ ਹੈ। ਇਸ ਤਰਾਂ ਸਾਡੇ ਸਤਿਗੁਰ ਦੇ ਦਸਵੇਂ ਸਰੂਪ ਅਕਾਲ ਪੁਰਖ ਦੇ ਅਦੁਤੀ ਜਰਨੈਲ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੀ, ਸਾਡੇ ਧਰਮ ਦੀ, ਸਾਡੇ ਖਾਲਸਾ ਪੰਥ ਦੀ ਅਤੇ ਇਥੇ ਵਸਦੇ ਪੂਰਨ ਸੱਚ ਦੀ, ਜਤ ਦੀ, ਸੱਤ ਦੀ ਸਿਖਰ ਤੌਹੀਨ ਕਰ ਦਿੱਤੀ ਹੈ। ਇਹ ਹੈ ਨਿਵਾਣਾਂ ਵੱਲ ਵਗਦੇ ਪਾਣੀਆਂ ਵੱਲੋਂ ਮਛਲੀ ਨੂੰ ਪੱਥਰ ਚਟਾਕੇ, ਅੰਤ ਆਪਣੇ ਵਗਣ ਦੀ ਅਸਲੀਅਤ ਦਾ ਭੇਦ ਦੇ ਕੇ ਮੋੜ ਦੇਣਾਂ।

ਸ੍ਰੀ ਅਕਾਲ ਤਖਤ ਸਾਹਿਬ ਦੀ ਛਤਰਛਾਇਆ ਥੱਲੇ ਇਸ ਕਾਰਵਾਈ ਨੂੰ ਸਹੀ ਕਰਾਰ ਦੇਣ ਵਾਲਿਆਂ ਵਲੋਂ ਖੁਦ ਅਕਾਲ ਤਖਤ ਦੀ ਭੂਮਕਾ ਨਿਭਾਂਦਿਆਂ 23 ਦਸੰਬਰ 2006 ਨੂੰ ਇਕ ਸੈਮੀਨਾਰ ਕਰਕੇ ਸੱਤ ਨੁਕਾਤੀ ਮਤੇ ਰੂਪੀ ਹੁਕਮਨਾਮਾਂ ਜਾਰੀ ਕੀਤਾ ਹੈ ਜਿਸ ਅਧੀਨ ਦਸਮ ਗ੍ਰੰਥ ਵਿਚ ਬਿਪਰਨਾਂ ਵਲੋਂ ਪ੍ਰੋਏ ਅਤਿ ਅਸ਼ਲੀਲ ਨੂੰ ਗੁਰੂ ਦੀ ਬਾਣੀ ਐਲਾਨਿਆ ਹੈ। ਇਹ ਨਾ ਮੰਨਣ ਵਾਲਿਆਂ ਦੇ ਨਾਮ ਲੈਕੇ, ਉਨਾਂ ਨੂੰ ਕਿਸੇ ਭਾਗ ਸਿੰਘ ਅੰਬਾਲਾ ਦੀ ਮਰੀ ਸੋਚ ਨੂੰ ਜਿੰਦਾ ਕਰਨ ਵਾਲੇ ਭਸੌੜੀ ਦੱਸਿਆ ਹੈ ਅਤੇ ਇਨਾਂ ਨਾਲ ਬਿਪਰਨ ਤਖਤ ਦੀਆਂ ਅਦਾਲਤਾਂ ਵਿਚ ਨਜਿੱਠਣ ਲਈ 7 ਮੈਂਬਰੀ ਕਾਨੂਨੀ ਕਾਰਵਾਈ ਕਮੇਟੀ ਦਾ ਐਲਾਨ ਕੀਤਾ ਹੈ ਜੋ ਬਾਦਲਕਿਆਂ, ਇਸ ਦੇ ਕੌਮ ਲਈ ਸਰਬਉਚ ਕਰਕੇ ਥਾਪਿਆਂ ਅਤੇ ਇਨਾਂ ਦੇ ਹੁਕਮ ਅਤੇ ਰਜਾ ਦੇ ਕੀਤਿਆਂ ਦਾ ਇਕ ਅਗਵਾਈ ਰੂਪ ਹੋਇਆ ਇਹ ਹੈ: ਬਾਬਾ ਹਰਨਾਮ ਸਿੰਘ - ਦਮਦਮੀ ਟਕਸਾਲ, ਪਿੰਸੀਪਲ ਗੁਰਮੁਖ ਸਿੰਘ - ਅਖੰਡ ਕੀਰਤਨੀ ਜਥਾ, ਗਿਆਨੀ ਸ਼ੇਰ ਸਿੰਘ ਨਿਹੰਗ - ਬੁੱਢਾ ਦਲ, ਬਾਬਾ ਅਵਤਾਰ ਸਿੰਘ ਨਿਹੰਗ - ਤਰਨਾ ਦਲ, ਜੋਧ ਸਿੰਘ - ਪੰਜਾਬੀ ਵੈਰਸਟੀ ਪਟਿਆਲਾ। ਗੁਰਚਰਨਜੀਤ ਸਿੰਘ ਲਾਂਭਾ - ਅਡੀਟਰ ਸੰਤ ਸਿਪਾਹੀ ਅਤੇ ਸ੍ਰੀ ਡੀ ਐਸ ਗਿਲ - ਚੇਅਰਮੈਨ।

ਖਾਲਸਾ ਜੀ, ਯਾਦ ਰੱਖੋ ਕਿ ਇਹ ਅੱਜ ਬਿਪਰਨ ਤਖਤ ਦੀਆਂ ਅਦਾਲਤਾਂ ਦੇ ਸਹਾਰੇ, ਦਸਮ ਗ੍ਰੰਥ ਵਿਚ ਪ੍ਰੋਏ ਬਿਪਰਨ ਦੇ ਅਸ਼ਲੀਲ ਨੂੰ ਗੁਰੂ ਦੀ ਬਾਣੀ ਮੰਨਵਾ ਲੈਣ ਵਾਲਿਆਂ ਵਜੋਂ ਸੰਗਠਣ ਹੋਏ ਉਹ ਹੀ ਹਨ ਜੋ ਹੁਣ ਤੱਕ ਭਾਈ ਜੁਗਿੰਦਰ ਸਿੰਘ ਸੰਪਾਦਕ ਰੋਜਾਨਾਂ ਸਪੋਕਸਮੈਨ ਉਤੇ ਇਹ ਉਂਗਲ ਉਠਾਂਦੇ ਨਹੀਂ ਥਕਦੇ ਸਨ ਕਿ ਉਸ ਨੇ ਤਖਤ ਸਾਹਿਬਾਨਾਂ ਦੇ ਅਖੌਤੀ ਜਥੇਦਾਰ ਦੇ ਖਿਲਾਫ ਬਿਪਰਨ ਤਖਤ ਦੀਆਂ ਅਦਾਲਤਾਂ ਦਾ ਸਹਾਰਾ ਲਿਆ ਹੈ।

ਗੁਰੂ ਰੂਪ ਖਾਲਸਾ ਜੀ, ਦਾਸ ਆਪਜੀ ਨੂੰ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਮੁਤਾਬਕ ਰੱਬ ਉਤੇ ਵਿਸ਼ਵਾਸ ਕਰਨ ਅਤੇ ਇਸ ਮੁਤਾਬਕ ਜਿੰਦਗੀ ਜੀਣ ਵਾਲੀ ਨਾਨਕ ਨਾਮ ਲੇਵਾ ਸਾਧ ਸੰਗਤ ਨੂੰ ਨਗਾਰੇ ਦੀ ਚੋਟ ਨਾਲ ਸਪੱਸ਼ਟ ਕਰਦਾ ਹੈ ਕਿ ਦਾਸ ਤੱਤ ਗੁਰਮਤਿ ਟਕਸਾਲ ਦੇ ਇਸ਼ਤਿਹਾਰ ਵਿਚ ਬਿਆਨ ਕੀਤੇ ਦਸਮ ਗ੍ਰੰਥ ਦੇ ਸਫ਼ਾ 119, 1082, 832, 1280, 1358, 1342, 1010, 1119, 1064, 1049, 838, 1215 ਉਤੇ ਦਰਜ ਅਸ਼ਲੀਨ ਅਤੇ ਇਸ ਵਰਗੇ ਹੋਰ ਸਮੇਤ, ਜਿਸ ਨੂੰ ਅਕਾਲ ਤਖਤ ਦੀ ਛਰਤਛਾਇਆ ਥੱਲੇ ਦਮਦਮੀ ਟਕਸਾਲ ਅਤੇ ਇਸ ਦੇ ਸਹਿਯੋਗੀਆਂ ਵੱਲੋਂ ਗੁਰੂ ਦੀ ਬਾਣੀ ਐਲਾਨਿਆ ਹੈ, ਕਿਸੇ ਵੀ ਕੀਮਤ ਉਤੇ ਦਸਮੇਸ਼ ਪਿਤਾ ਦੀ ਬਾਣੀ ਹੋਣਾਂ ਸਵੀਕਾਰ ਨਹੀਂ ਕਰਦਾ ਸਗੋਂ ਇਹ ਅਸ਼ਲੀਲ ਦਸਮ ਗ੍ਰੰਥ ਵਿਚ ਬਿਪਰਨ ਵਲੋਂ ਹੀ ਦਰਜ ਕੀਤੇ ਹੋਣਾਂ, ਐਲਾਨਦਾ ਹੈ। ਇਸ ਅਸ਼ਲੀਲ ਨੂੰ ਗੁਰੂ ਦੀ ਬਾਣੀ ਐਲਾਨਣ ਵਾਲਿਆਂ ਦਾ ਇਹ ਕਾਰਾ ਸਿਰਫ ਗੁਰੂ ਦਾ ਅਪਮਾਨ ਹੀ ਨਹੀਂ ਸਗੋਂ ਗੁਰੂ ਦੀ ਕੀਤੀ ਗਈ ਘੋਰ ਨਿੰਦਾ ਅਤੇ ਸਿਖ ਧਰਮ ਦੀ ਪੂਰਣਤਾ, ਪਵਿਤ੍ਰਤਾ ਅਤੇ ਖਾਲਸਾ ਪੰਥ ਨਾਲ ਕਰ ਦਿੱਤਾ ਸਿਖਰ ਦਾ ਧ੍ਰੋਹ ਵੀ ਹੈ। ਇਹ ਕਿਉਂ ਗੁਰੂ ਦਾ ਅਪਮਾਨ, ਨਿੰਦਾ ਅਤੇ ਧ੍ਰੋਹ ਹੈ, ਦੇ ਵਿਸਥਾਰ ਨੂੰ ਗੁਰੂ ਆਸਰੇ, ਦੇਸ਼ ਵਦੇਸ਼ ਵਸਦੇ ਖਾਲਸੇ ਦੇ ਆਸਰੇ, ਦਸਮ ਗ੍ਰੰਥ ਉਤੇ ਖੋਜ ਦੇ ਕਾਰਜ ਦੀ ਸਮਾਪਤੀ ਉਪਰੰਤ, ਇਸ ਦੇ ਸਿਟਿਆਂ ਨੂੰ ਕਲਮਬੰਦ ਕਰਕੇ ਖਾਲਸਾ ਪੰਥ ਦੀ ਸੱਥ ਵਿਚ ਰੱਖਣ ਦਾ ਪ੍ਰਣ ਕਰਦਾ ਹਾਂ। (ਜਾਣਕਾਰੀ ਲਈ: ਇਸ਼ਤਿਹਾਰ ਵਿਚ ਦਸਮ ਗ੍ਰੰਥ ਦੇ ਪੰਨਾਂ 838 ਦੇ ਜ਼ਿਕਰ ਥੱਲੇ ਲਿਖਿਆ: 'ਕੋਕ ਸ਼ਾਸ਼ਤ੍ਰ ਕੋ ਉਚਰੈ ਰਮਤ ਦੋਊ ਸੁਖ ਪਾਇ। ਭਾਂਤਿ ਭਾਤਿ ਆਸਨ ਕਰੈ ਹਨਗਨਾ ਗਨੀ ਨਾ ਜਾਇ॥' ਕਿਸੇ ਹੋਰ ਪੰਨੇ ਤੇ ਹੋਵੇਗਾ। ਪੰਨਾਂ 838 ਉਤੇ ਇਹ ਅਸਲ: 'ਕਾਮਾਤੁਰ ਹੈਵ ਜੋ ਤ੍ਰਿਯਾ ਆਵਤ ਨਰਕੇ ਪਾਸ॥ ਮਹਾਨਰਕ ਸੋ ਡਾਰਿਯੈ ਦੈ ਜੋ ਜਾਨ ਨਿਰਾਸ॥' ਹੈ ਜਿਸ ਦਾ ਥੱਲੇ ਇਹ ਅਰਥ ਕੀਤਾ ਹੋਇਆ ਹੈ: ਕਾਮ ਦੀ ਭੁੱਖੀ ਕੁੜੀ ਜਦੋਂ ਮਰਦ ਕੋਲ ਜਾਏ ਤੇ ਮਰਦ ਉਸ ਨਾਲ ਭੋਗ ਨਾ ਕਰੇ ਤਾਂ ਉਹ ਨਰਕਾਂ ਚ ਜਾਂਦਾ ਹੈ)

ਦਾਸ ਨੂੰ ਰੋਜਾਨਾਂ ਸਪੋਕਸਮੈਨ ਦੀ ਸੰਪਾਦਕੀ ਦੇ ਲਫਜ਼ ਇਸ ਤਰਾਂ ਕੋਈ ਅਨਹੋਣੇ ਨਹੀਂ ਲੱਗ ਰਹੇ ਕਿ ਤ੍ਰੀਆ ਚਰਿਤਰ-ਦਸਮ ਗ੍ਰੰਥ ਦਾ ਇਕੋ ਖਰਾਬ ਹਿੱਸਾ ਨਹੀ, ਸਗੋਂ ਸਾਰੀ ਦੀ ਸਾਰੀ ਪੁਸਤਕ ਹੀ ਵਾਮ-ਮਾਰਗੀਆਂ ਤੇ ਨਾਨਕ ਦੇ ਫ਼ਲਸਫੇ ਦੇ ਵਿਰੋਧੀਆਂ ਵੱਲੋ ਆਪਣਾਂ ਅਸ਼ਲੀਲ ਅਤੇ ਹੋਰ ਪਰੋਕੇ ਖਰਾਬ ਕੀਤੀ ਹੋਈ ਹੈ ਅਤੇ ਖਾਲਸੇ ਲਈ ਚਣੌਤੀ ਪੈਦਾ ਕੀਤੀ ਹੋਈ ਹੈ ਕਿ ਉਹ ਆਪਣੀ ਬੁਧ ਬਬੇਕ ਅਤੇ ਗੁਰੂ ਤੇਜ ਦੀ ਬਖਸ਼ਿਸ਼ ਸਦਕਾ ਇਸ ਨੂੰ ਗੁਰਮਤਿ ਦੀ ਕਸਵੱਟੀ ਤੇ ਤੋਲਕੇ, ਖੁਦ ਨਿਰਣਾਂ ਕਰਕੇ ਸਦੀਵੀਂ ਕਰੇ ਕਿ ਕਿਹੜੀ ਦਸਮੇਸ਼ ਪਿਤਾ ਦੀ ਬਾਣੀ ਹੈ, ਹੋ ਸਕਦੀ ਅਤੇ ਹੋ ਹੀ ਨਹੀ ਸਕਦੀ।

ਸੋ ਖਾਲਸਾ ਜੀ ਜੋ ਖੁਦ ਹੀ ਗੁਰੂ ਦੇ ਹੁਕਮਾਂ ਨੂੰ ਅਤੇ ਆਪਣੇ ਹੀ ਕੌਮ ਲਈ ਜਾਰੀ ਕੀਤੇ ਫੁਰਮਾਨਾ ਨੂੰ ਨਾ ਮੰਨਣ ਵਾਲੇ ਸਿਧ ਕਰ ਜਾਣ, ਹੁਣ ਉਨਾਂ ਸਿਖੀ ਸਰੂਪ ਵਿਚ ਬਿਪਰਨ ਰੀਤ ਦੇ ਪੂਰਨ ਸ਼ਿਕਾਰ ਅਸਿਖਾਂ ਮਗਰ ਸਾਡਾ ਲੱਗਣਾਂ, ਇਨਾਂ ਦੀ ਹਮਾਇਤ ਕਰਨੀ, ਇਨਾਂ ਦੇ ਕਲਜੁਗੀ ਫੁਰਮਾਨਾਂ ਨੂੰ ਮੰਨਣਾਂ ਜਾਂ ਦੂਜਿਆਂ ਨੂੰ ਮੰਨਣ ਲਈ ਪ੍ਰੇਰਣਾਂ, ਕਰਤਾਪੁਰਖ ਦੇ ਸਿਰਜੇ ਇਨਸਾਨ ਲਈ, ਗੁਰਸਿਖ ਬੱਬਰ ਸ਼ੇਰ ਲਈ, ਖਾਲਸੇ ਲਈ, ਬ੍ਰਹਮਗਿਆਨੀ ਲਈ, ਭਗਤ, ਸੂਰੇ ਸੰਤ ਲਈ ਆਪਣੇ ਆਪਨੂੰ ਭੇਡਾਂ ਦੀ ਵੱਗ ਵਿਚ ਸ਼ਾਮਲ ਕਰਕੇ ਆਪਣਾਂ ਅਮੁੱਲਾ ਜੀਵਨ ਕੌਡੀਆਂ ਭਾਅ ਵੇਚ ਦੇਣ ਤੁੱਲ ਹੈ। ਇਹ ਉਹ ਨਹੀ ਹਨ ਜਿਨਾਂ ਤੋਂ ਗੁਰੂ ਦੇ ਹੁਕਮਾਂ ਨੂੰ ਮੰਨਣ ਕਰਕੇ ਗੁਰੂ ਵੱਲੋਂ ਆਪਣੇ ਗਿਆਨ ਦੀ ਬਖਸ਼ਿਸ ਕਰ ਦਿੱਤੀ ਹੋਵੇ। ਸਗੋਂ ਇਹ ਉਹ ਹਨ ਜਿਨਾਂ ਨੂੰ ਗੁਰੂ ਦੇ ਹੁਕਮਾਂ ਨੂੰ ਨਾ ਮੰਨਣ ਕਰਕੇ, ਗੁਰੂ ਨੇ ਸਭ ਗੁਰਮਤਿ ਚੰਗਿਆਈ ਤੱਤਾਂ ਨੂੰ ਖੋਹ ਲਿਆ ਹੈ ਅਤੇ ਖਾਲਸੇ ਲਈ ਇਨਾਂ ਤੋਂ ਆਪਣੀ, ਆਪਣੇ ਗੁਰਧਾਮਾਂ ਦੀ, ਆਪਣੇ ਧਰਮ ਦੀ ਅਤੇ ਪੰਥ ਦੀ ਆਜਾਦੀ, ਕਰਤਾਪੁਰਖ ਨੇ ਆਪਣਾ ਹੁਕਮ, ਰਜਾ ਅਤੇ ਭਾਣਾਂ ਕਰ ਰੱਖਿਆ ਹੈ।

ਐ 'ਇਕੁ ਲਾਇ ਦੀਬਾਣੁ' ਦੀ ਅੰਸ਼ ਵਿਚੋਂ ਦਲੀਪ ਅਤੇ ਦਲੀਪ ਕੋਲ ਵਾਪਸ ਪਰਤ ਆਏ ਭੁਲਣਹਾਰੇ ਤੋਂ ਸੇਵਾ ਦੇ ਪੁੰਜ ਇਕ ਭਾਈ ਦੀ ਸੰਤਾਨ ਅਤੇ ਇਨਾਂ ਦੀ ਸਲਤਨਤ ਦੇ ਵਾਰਸ ਨਾਨਕ ਦਰ ਦੇ ਇਨਸਾਨ, ਸੇਵਕ, ਸਿਖ, ਖਾਲਸੇ, ਬ੍ਰਹਮਗਿਆਨੀ:
ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥ (ਪੰਨਾ 2)

ਵੇਖੋ ਖਾਲਸਾ ਪੰਥ ਲਈ ਵਾੜ ਦਾ ਬੁਰਕਾ ਪਾਈ ਇਨਾਂ ਅੰਦਰੋਂ ਬਿਪਰਨ ਰੀਤ ਦੇ ਅਸਿਖਾਂ ਦਾ ਨਵਾਂ ਕਾਰਾ ਕਿ ਸੰਤ ਅਤਰ ਸਿੰਘ ਦੇ ਨਾਮ ਨਾਲ ਸਤਿਗੁਰੂ ਅਤੇ ਮੀਰੀ ਪੀਰੀ ਸ਼ਬਦ ਲਿਖਕੇ ਪ੍ਰਚਾਰਨ ਵਾਲੇ ਸਿਖੀ ਦੇ ਘਾਤਕ ਡੇਰੇਦਾਰ ਤਾਂ ਇਨਾਂ ਦੇ ਸੱਜਨ ਮਿਤਰ, ਉਨਾਂ ਦੀ ਪਿੱਠ ਪੂਰਨ ਲਈ। ਪਰ ਜੋ ਗੁਰੂ ਦੇ ਹੁਕਮ ਅਨੁਸਾਰ, ਗੁਰਮਿਤ ਸਿਧਾਂਤਾਂ ਦੀ ਕੀਤੀ ਜਾ ਰਹੀ ਇਸ ਘੋਰ ਬੇਅਦਬੀ ਦੇ ਖਿਲਾਫ ਅਵਾਜ ਉਠਾਵਣ, ਉਲਟੀਆਂ ਉਨਾਂ ਨੂੰ ਹੀ ਧਮਕੀਆਂ।
ਆਸਣੁ ਲੋਇ ਲੋਇ ਭੰਡਾਰ ॥ਜੋ ਕਿਛੁ ਪਾਇਆ ਸੁ ਏਕਾ ਵਾਰ ॥

ਕਰਿ ਕਰਿ ਵੇਖੈ ਸਿਰਜਣਹਾਰੁ ॥ ਨਾਨਕ ਸਚੇ ਕੀ ਸਾਚੀ ਕਾਰ ॥ (ਪੰਨਾ 7) ਅਤੇ
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥ ਨਾਨਕ ਉਤਮੁ ਨੀਚੁ ਨ ਕੋਇ ॥

ਦੁਨੀਆਂ ਦੀ ਕਿਸੇ ਅਦਾਲਤ ਦੁਆਰਾ ਸਜਾ ਲਈ ਜਾਂ ਕਿਸੇ ਵਲੋ ਨਿਜੀ ਸਜਾ ਲਈ ਦਾਸ ਵਾਰੇ ਜਰੂਰੀ ਜਾਣਕਾਰੀ ਇਹ ਹੈ: ਉਨਾਂ ਪੰਜਾਂ ਵਿਚੋਂ ਦੋ ਪ੍ਰਵਾਰ ਜੀਆਂ ਦੀ ਸੰਤਾਨ ਇਹ ਪਾਣੀਂ, ਜਿਨਾਂ ਨੂੰ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਵਲੋਂ ਹੋਰ ਭਾਸ਼ਾਵਾਂ ਅਤੇ ਧਰਮਾਂ ਦੀ ਜਾਣਕਾਰੀ ਹਾਸਲ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਵਿਆਖਿਆ ਅਤੇ ਪ੍ਰਚਾਰ, ਬਿਪਰਨ ਵੱਲੋਂ ਨੀਚ ਅਸ਼ੂਤ ਚੌਥੇ ਦਰਜੇ ਦੇ ਕਰਾਰ ਦਿੱਤਿਆਂ ਦੇ ਵਰਗ ਵਿਚ ਜਾਕੇ ਕਰਨ ਦੀ ਜ਼ਿਮੇਵਾਰੀ ਸੌਪੀ ਗਈ ਸੀ। ਪਰ ਬਦਲੇ ਵਿਚ ਅੰਮ੍ਰਿਤਧਾਰੀ ਹੋਣ ਦੀ ਸ਼ਰਤ ਨਹੀਂ ਰੱਖੀ ਸੀ। ਜੋ ਮਗਰੋਂ ਨਿਰਮਲੇ ਸੰਤ ਅਖਵਾਏ ਹਨ। ਜਿਸ ਬੱਚੇ ਪ੍ਰਾਣੀ ਨੂੰ ਨਾਮ ਨਿਰਮਲ ਸਿੰਘ, ਨਿਰਮਲੇ ਸੰਤਾਂ ਦੇ ਇਕ ਸਮੂਹ ਵਲੋਂ ਆਪਸ ਵਿਚ ਵਿਚਾਰ ਕਰਕੇ ਬਖਸ਼ਿਸ਼ ਕੀਤਾ ਗਿਆ ਸੀ ਅਤੇ ਜਿਸ ਨੂੰ ਇਹ ਪ੍ਰਾਣੀ ਇਸ ਅਰਦਾਸ ਨਾਲ ਆਪਣੇ ਗੁਰੂ ਦਰ ਰੱਖ ਆਇਆ ਸੀ ਕਿ ਪਹਿਲੋਂ ਕਿਰਦਾਰ ਪੱਖੋਂ ਇਸ ਪਵਿਤ੍ਰ ਨਾਮ ਨੂੰ ਧਰਾ ਸਕਣ ਦੇ ਕਾਵਲ ਕਰੋ ਜੀ। ਉਦ ਤੱਕ ਮੇਰਾ ਆਮ ਦੁਨਿਆਵੀ ਨਾਮ। ਜੂਨ ਚੌਰਾਸੀ ਸਮੇਂ ਸ੍ਰੀ ਹਰਿਮੰਦਰ ਸਾਹਿਬ ਉਤੇ ਬਿਪਰਨ ਤਖਤ ਵਲੋਂ ਬੋਲ ਦਿੱਤੇ ਫੌਜੀ ਧਾਵੇ ਮਗਰੋਂ, ਇਸ ਬਿਪਰਨ ਤਖਤ ਨੂੰ ਜੜੋਂ ਉਖੇੜ ਦੇਣ ਲਈ, ਆਪਣੇ ਆਪਨੂੰ ਖਾਲਸਾ ਪੰਥ ਦੇ ਹਵਾਲੇ ਕਰਨ ਸਮੇਂ, ਮੈਨੂੰ ਬਖਸ਼ਿਸ਼ ਹੋਇਆ ਨਾਮ: ਬਿਧੀ ਸਿੰਘ ਬੱਬਰ। ਪਿਤਾ: ਸੰਤ ਜਮਨਾ ਦਾਸ, ਬਾਬਾ ਸੰਤ ਆਤਮਾਂ ਰਾਮ। ਮਾਤਾ ਗੋਬਿੰਦ ਕੌਰ, ਨਾਨਾ ਸੰਤ ਹਰੀ ਦਾਸ। ਜੱਦੀ ਪਿੰਡ: ਨਰੂੜ, ਜਿਲਾ ਕਪੂਰਥਲਾ।

ਪੰਥ ਲਈ ਹਮੇਸ਼ਾਂ ਚੜ੍ਹਦੀ ਕਲਾ ਦੀ ਕਾਮਨਾਂ ਸਹਿਤ,
ਇਕੋ ਇਕ ਸਤਿਗੁਰੂ ਬਾਬੇ ਨਾਨਕ ਦੇ ਦਰ ਦਾ

N. Kamal- Fehrenbach orf Bidhi Singh Babbar
Schöne Aussicht 74a  65760 Eschborn – Niederhöchstadt
Germany
Tel: 06173 67103, Fax: 06173 640321, eMail : ef-nk@t-online.de
(23.02.2007)